# ਮਈਯਾ ਪੀਂਘਾਂ ਝੂਟਦੀ

ਸ਼ੇਰਾਂ ਵਾਲੀ ਦੀ ਜੈ, ਮੇਹਰਾਂਵਾਲੀ ਦੀ ਜੈ,
ਜੋਤਾਂ ਵਾਲੀ ਦੀ ਜੈ, ਲਾਟਾਂ ਵਾਲੀ ਦੀ ਜੈ ॥

ਮਈਆ / ਦਾਤੀ ਪੀਂਘਾਂ ਝੂਹਟਦੀ, ਝੂਹਟੇ ਕੰਜ਼ਕਾਂ ਦੇ ਨਾਲ ।
ਹੱਥੀਂ ਲਾਲ ਚੂੜੀਆਂ, ਸਿਰ 'ਚੁੰਨੀਆਂ ਨੇ ਲਾਲ ॥

ਹੱਥੀਂ ਮਾਂ ਦੇ ਸੁੱਚਾ ਚੂੜਾ ।
ਫੁੱਲਾਂ ਨਾਲ ਸਜਾਇਆ ਚੂੜਾ ॥
ਸਾੜ੍ਹੀ ਦਾ ਰੰਗ ਸੂਹਾ ਗੂੜ੍ਹਾ ॥,
ਲੱਗੇ ਲਾਲ ਗੁਲਾਲ,
ਮਈਆ ਪੀਂਘਾਂ, ਦਾਤੀ ਪੀਂਘਾਂ, ਅੰਬੇ ਪੀਂਘਾਂ ਝੂਹਟਦੀ,
ਝੂਹਟੇ ਕੰਜ਼ਕਾਂ ਦੇ ਨਾਲ,,,,,,,,,

ਬ੍ਰਹਮਾ ਵਿਸ਼ਨੂੰ ਫੁੱਲ ਵਰਸਾਉਂਦੇ ।
ਸ਼ੰਕਰ ਜੀ ਤ੍ਰਿਸ਼ੂਲ ਘੁਮਾਉਂਦੇ ॥
ਦੇਵ ਲੋਕ ਵਿੱਚ ਨੱਚਦੇ ਗਾਉਂਦੇ ॥,
ਪੈਂਦੀ ਵੇਖ ਧਮਾਲ,
ਮਈਆ ਪੀਂਘਾਂ, ਦਾਤੀ ਪੀਂਘਾਂ, ਅੰਬੇ ਪੀਂਘਾਂ ਝੂਹਟਦੀ,
ਝੂਹਟੇ ਕੰਜ਼ਕਾਂ ਦੇ ਨਾਲ,,,,,,,,,

ਪਾਰਵਤੀ ਮਾਂ ਦੇਵੇ ਹੁਲਾਰਾ ।
ਗੂੰਜੇ ਧਰਤੀ ਅੰਬਰ ਸਾਰਾ ॥
ਧਰਮਰਾਜ ਦਾ ਮਹਿਲ ਮੁਨਾਰਾ ॥,
ਹੋਇਆ ਪਿਆ ਨਿਹਾਲ,
ਮਈਆ ਪੀਂਘਾਂ, ਦਾਤੀ ਪੀਂਘਾਂ, ਅੰਬੇ ਪੀਂਘਾਂ ਝੂਹਟਦੀ,
ਝੂਹਟੇ ਕੰਜ਼ਕਾਂ ਦੇ ਨਾਲ,,,,,,,,,

ਸਾਰੇ ਅਜ਼ਬ ਨਜ਼ਾਰੇ ਲੈਂਦੇ ।
ਚੰਨ ਤੇ ਸੂਰਜ ਰੁੱਕ ਰੁੱਕ ਬਿਹੰਦੇ ॥
ਮਾਤ ਲੋਕ ਵਿੱਚ ਗਿੱਧੇ ਪੈਂਦੇ ॥,
ਖਹਿੰਦੀ ਸੁਰ ਨਾਲ ਤਾਲ,
ਮਈਆ ਪੀਂਘਾਂ, ਦਾਤੀ ਪੀਂਘਾਂ, ਅੰਬੇ ਪੀਂਘਾਂ ਝੂਹਟਦੀ,
ਝੂਹਟੇ ਕੰਜ਼ਕਾਂ ਦੇ ਨਾਲ,,,,,,,,,

ਮਹਿਕਾਂ ਦੇ ਨਾਲ ਪਰਬਤ ਭਰ ਗਏ ।
ਆਪ ਦੇਵਤੇ ਮਾਂ ਦੇ ਤਰ ਗਏ ॥
ਸਿਵੀਏ ਜੇਹੇ ਸ਼ੌਕੀਨ ਵੀ ਤਰ ਗਏ ॥,
ਕਰਮਾ ਕਰੀ ਕਮਾਲ,
ਮਈਆ ਪੀਂਘਾਂ, ਦਾਤੀ ਪੀਂਘਾਂ, ਅੰਬੇ ਪੀਂਘਾਂ ਝੂਹਟਦੀ,
ਝੂਹਟੇ ਕੰਜ਼ਕਾਂ ਦੇ ਨਾਲ,,,,,,,,,
ਮਈਆ / ਦਾਤੀ / ਅੰਬੇ ਪੀਂਘਾਂ ਝੂਹਟਦੀ,
ਝੂਹਟੇ ਕੰਜ਼ਕਾਂ ਦੇ ਨਾਲ ॥

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/23337/title/mayia-peengha-jhootdi

अपने Android मोबाइल पर BhajanGanga App डाउनलोड करें और भजनों का आनंद ले |